ਨਵਾਂ ਜ਼ਮਾਨਾ
ਜਲੰਧਰ, ਸ਼ੁੱਕਰਵਾਰ
16 ਮਾਰਚ, 2018

# ਮਹਿਲਾ ਦਿਵਸ 'ਤੇ ਸਨਮਾਨਤ ਪ੍ਰੋ. ਮਮਤਾ ਅਰੋੜਾ

ਬੀਬੀ ਸ਼ਰਨ ਕੌਰ ਮੈਮੋਰੀਅਲ ਖਾਲਸਾ ਕਾਲਜ ਚਮਕੌਰ ਸਾਹਿਬ ਵਿੱਚ ਹੋਏ ਸਮਾਗਮ ਦੌਰਾਨ ਸਨਮਾਨਤ ਇਸਤਰੀ ਸ਼ਖਸੀਅਤਾਂ ਵਿੱਚ ਅਮਰ ਸ਼ਹੀਦ ਬਾਬਾ ਅਜੀਤ ਸਿੰਘ-ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਬਾਇਓ ਟੈਕਨਾਲੋਜੀ ਅਤੇ ਫੂਡ ਪ੍ਰੋਸੈਸਿੰਗ ਦੇ ਮੁਖੀ ਪ੍ਰੋ. ਮਮਤਾ ਅਰੋੜਾ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ। ਪ੍ਰੋ. ਮਮਤਾ ਅਰੋੜਾ ਅਤਿ-ਪ੍ਰਤਿਭਾਵਾਨ, ਗਿਆਨਵਾਨ ਵਿਸ਼ੇ ਅਤੇ ਯੂ ਜੀ ਸੀ ਦੇ ਨਿਯਮਾਂ ਦੀ ਜਾਣੂ ਕਾਲਜ ਅਧਿਆਪਕਾ ਹੈ, ਜਿਹਨਾ ਦੀ ਵਿੱਦਿਅਕ ਯੋਗਤਾ UGC NET (Education) , NET CSIR- JRF (Life Sciences) ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਐੱਮ ਐੱਸ ਸੀ ਦੀ ਗੋਲਡ ਮੈਡਲਿਸਟ ਇਹ ਅਧਿਆਪਕਾ ਦੇ ਹੁਣ ਤੱਕ 15 ਨੈਸ਼ਨਲ, ਇੰਟਰਨੈਸ਼ਨਲ ਪੇਪਰ ਪਬਲਿਸ਼ ਹੋ ਚੁੱਕੇ ਹਨ। ਉਹਨਾ ਦੋ ਕਿਤਾਬਾਂ ਲਿਖੀਆਂ ਹਨ। ਉਹਨਾ ਦੀ ਅਕਾਦਮਿਕ ਯੋਗਤਾ ਨੂੰ ਦੇਖਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਬੋਰਡ ਆਫ ਸਟੱਡੀਜ਼ ਦਾ ਮੈਂਬਰ ਨਿਯੁਕਤ ਕੀਤਾ ਹੈ ਅਤੇ ਬੋਰਡ ਆਫ ਸਟੱਡੀਜ਼ ਫੂਡ ਪ੍ਰੋਸੈਸਿੰਗ ਅਤੇ ਆਰਗੈਨਿਕ ਫਾਰਮਿੰਗ ਵਿੱਚ ਸਪੈਸ਼ਲ ਇਨਵਾਇਟੀ ਲਿਆ ਹੈ। ਉਹਨਾ ਦੀਆਂ ਵਿਸ਼ੇਸ਼ ਪ੍ਰਾਪਤੀਆਂ ਵਿੱਚੋਂ ਸਾਲ 2013 ਵਿੱਚ ਯੂ ਜੀ ਸੀ ਵੱਲੋਂ ਬੈਚਲਰ ਵੋਕਸ਼ਨਲ ਕੋਰਸ ( ਬੀ ਵਾਕ ਫੂਡ ਪ੍ਰੋਸੈਸਿੰਗ) ਦਾ ਵਿਸ਼ਾ ਸ਼ਾਮਲ ਹੈ, ਜਿਸ ਵਿੱਚ ਬੇਲਾ ਕਾਲਜ ਦਾ ਨਾਂਅ ਪੰਜਾਬ ਦੇ ਪਹਿਲੇ ਤਿੰਨ ਕਾਲਜਾਂ ਵਿੱਚ ਵਿਸ਼ਾ ਸ਼ੁਰੂ ਕਰਨ ਲਈ ਸ਼ੁਮਾਰ ਹੁੰਦਾ ਹੈ। ਇਸ ਕੋਰਸ ਦਾ ਸਾਰਾ ਸਿਲੇਬਸ ਉਹਨਾ ਖੁਦ ਡਿਜ਼ਾਈਨ ਕੀਤਾ ਹੈ। ਉਹਨਾ ਇਸੇ ਕਾਲਜ ਵਿੱਚ ਦੂਸਾ ਕੋਰਸ ਬੀ. ਵਾਕ (ਰਿਟੇਲ ਮੈਨੇਜਮੈਂਟ ਐਂਡ



ਆਈ ਟੀ) ਸ਼ੁਰੂ ਕਰਨ ਲਈ ਵਿੱਚ ਆਪਣੇ ਸਹਿਯੋਗੀ ਅਧਿਆਪਕਾਂ ਨੂੰ ਉਤਸ਼ਾਹਤ ਕੀਤਾ। ਪ੍ਰੋ. ਮਮਤਾ ਅਰੋੜਾ ਨੇ ਆਪਣੀ ਇਸ ਯੋਗਤਾ ਕਾਰਨ ਬੀ ਵਾਕ ਅਤੇ ਕਮਿਊਨਟੀ ਕਾਲਜਾਂ ਲਈ ਓਰੀਐਂਟੇਸ਼ਨ ਵਰਕਸ਼ਾਪ, ਜੋ ਕਿ ਨਵੀਂ ਦਿੱਲੀ, ਫਿੱਕੀ ਹਾਊਸ ਵਿੱਚ ਫੂਡ ਪ੍ਰੋਸੈਸਿੰਗ ਅਤੇ ਸਕਿਲ ਸੈਂਟਰ ਵਿੱਚ ਹਿੱਸਾ ਲਿਆ। ਵਰਣਨਯੋਗ ਹੈ ਨੈਸ਼ਨਲ ਸਕਿਲ ਕੁਆਲੀਫਿਕੇਸ਼ਨ ਇਨ ਇੰਡੀਆ ਸਟੇਟਸ ਐਂਡ ਚੈਂਲਜਿਸ ਦੀ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਨਾ ਸਿਰਫ ਭਾਗ ਲਿਆ, ਪੇਪਰ ਵੀ ਪੜ੍ਹਿਆ, ਜਿਸ ਦੀ ਚਰਚਾ ਰਾਸ਼ਟਰੀ ਅਖਬਾਰਾਂ ਵਿੱਚ ਹੋਈ।

ਸਾਲ 2015 ਵਿੱਚ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵਿੱਚ ਰਿਜਨਲ ਵਰਕਸ਼ਾਪ ਵਿੱਚ ਸਕਿਲ ਬੇਸਡ ਵੋਕੇਸ਼ਨ ਕੋਰਸ 'ਤੇ ਵੀ ਲੈਕਚਰ ਦਿੱਤਾ। ਇਸ ਤੋਂ ਇਲਾਵਾ ਮੁੰਬਈ ਅਤੇ ਪੰਚਕੂਲਾ ਵਿੱਚ ਨਵੀਂਆਂ ਰਿਸਰਚ ਲੈਬਾਰਟਰੀਆਂ ਵਿੱਚ ਟ੍ਰੇਨਿੰਗ ਲਈ। ਪ੍ਰੋ. ਮਮਤਾ ਅਰੋੜਾ ਨੇ ਵਿੱਦਿਆ ਤੋਂ ਇਲਾਵਾ ਦੂਸਰੇ ਖੇਤਰਾਂ ਵਿੱਚ ਪ੍ਰਾਪਤੀਆਂ ਵਰਣਨ ਯੋਗ ਹਨ, ਜਿਹਨਾਂ ਵਿੱਚ ਬੀ. ਵਾਕ ਨੋਡਲ ਅਫਸਰ, ਕਨਵੀਨਰ ਆਈ ਕਿਊ ਏ ਸੀ, ਕਨਵੀਨਰ ਨੈਕ ਅਤੇ ਰੂਸਾ ਇਤਿਆਦ। ਪ੍ਰੋ. ਮਮਤਾ ਅਰੋੜਾ ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਡਾ. ਭੀਸ਼ਮ ਨਰਾਇਣ ਸਿੰਘ ਸਾਬਕਾ ਕੇਂਦਰੀ ਮੰਤਰੀ ਅਤੇ ਗਵਰਨਰ ਨੇ ਭਾਰਤ ਜੋਤੀ ਐਵਾਰਡ ਨਾਲ ਸਨਮਾਨਤ ਕੀਤਾ। ਉਹਨਾ ਨੂੰ ਭਾਰਤ ਸਕਾਊਟਸ ਅਤੇ ਗਾਈਡ ਵੱਲੋਂ ਚੰਡੀਗੜ੍ਹ ਵਿੱਚ ਸਟੇਟ ਐਵਾਰਡ ਦਿੱਤਾ ਗਿਆ। ਪੰਜਾਬ ਕਲਾ ਮੰਚ ਅਤੇ ਸੰਗੀਤ ਨਾਟਕ ਅਕੈਡਮੀ ਵੱਲੋਂ ਉਹਨਾ ਨੂੰ ਸਨਮਾਨਤ ਕੀਤਾ ਗਿਆ। ਇੰਟਰਨੈਸ਼ਨਲ ਪਬਲਿਸ਼ਿੰਗ ਹਾਊਸ ਵੱਲੋਂ ਬੈੱਸਟ ਸਿਟੀਜ਼ਨ 2016 ਐਵਾਰਡ ਦਿੱਤਾ ਗਿਆ।

ਆਪ ਜੀ ਦੀਆਂ ਉਪਰੋਕਤ ਬਹੁ-ਪੱਖੀ ਪ੍ਰਾਪਤੀਆਂ ਨੂੰ ਦੇਖਦਿਆਂ ਬੀਬੀ ਸ਼ਰਨ ਕੌਰ ਮੈਮੋਰੀਅਲ ਖਾਲਸਾ ਕਾਲਜ ਚਮਕੌਰ ਸਾਹਿਬ ਵਿਖੇ ਉੱਘੀ ਲੇਖਕਾ ਡਾ. ਹਰਸ਼ਿੰਦਰ ਕੌਰ ਅਤੇ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਇਸਤਰੀ ਦਿਵਸ 'ਤੇ ਸਨਮਾਨਤ ਕੀਤਾ ਗਿਆ।

**-ਦੇਵਿੰਦਰ ਸਿੰਘ ਜਟਾਣਾ**